ਜ਼ੋਇਆ

ਸੋਵੀਅਟ ਰੂਸ ਦੀ ਅਠਾਰਾਂ ਵਰ੍ਹੇ ਦੀ ਬਹਾਦਰ ਲੜਕੀ
ਦੇ ਸਾਹਸ ਅਤੇ ਕੁਰਬਾਨੀ ਦੀ ਅਮਰ ਕਹਾਣੀ

G.427

ਜ਼ੋਇਆ

ਲੇਖਕ—ਪੀ. ਲਿਡੋਵ
ਉਲਥਾਕਾਰ—ਪਿਆਰਾ ਸਿੰਘ, 'ਸਹਿਰਾਈ'

PUNJABI SAHITYA ACADEMY LAHORE LIBRARY

ਪਰਕਾਸ਼ਕ
ਕਮਿਊਨਿਸਟ ਕਿਤਾਬ ਘਰ,
੧੧੪ ਮੈਕਲੋਡ ਰੋਡ, ਲਾਹੌਰ.

940.54
Fx 88 3
29348

ਅਰੰਭਕ ਸ਼ਬਦ

ਕਿੰਨੀ ਦਰਦਨਾਕ ਹੈ ਇਹ ਕਹਾਣੀ ! ਕਿੰਨੀ ਬੇਮਿਸਾਲ ਹੈ ਇਸ ਦੀ ਕੁਰਬਾਨੀ ! ਕਿੰਨੀ ਨਿਡਰਤਾ, ਕਿੰਨਾ ਸਾਹਸ, ਹੈ ਇਸ ਕੁੜੀ ਵਿਚ ! —ਅਤੇ ਕਿੰਨਾ ਦੇਸ਼-ਪਰੇਮ ! ਪਿਆਰੇ ਸੋਵੀਅਟ ਰੂਸ ਉਤੇ ਜ਼ਾਲਮ ਨਾਜ਼ੀ ਚੜ੍ਹ ਔਣ, ਅਤੇ ਜ਼ੋਇਆ (ਤਾਨੀਆ) ਚੈਨ ਨਾਲ ਘਰ ਬੈਠੀ ਰਹੇ ?!— ਇਹ ਜ਼ੋਇਆ ਨੇ ਸਿੱਖਿਆ ਹੀ ਨਹੀਂ ।

ਜ਼ੋਇਆ ਕਮਿਊਨਿਸਟ ਸੀ । ਕਮਿਊਨਿਸਟ ਬਣਨਾ ਸੌਖਾ ਨਹੀਂ। ਜਿਸ ਦਿਨ ਉਹ ਕਮਿਊਨਿਸਟ ਬਣੀ ਸੀ, ਉਸੇ ਦਿਨ ਹੀ ਉਸ ਨੇ ਆਪਣਾ ਸੀਸ ਤਲੀ ਤੇ ਧਰ ਲਿਆ ਸੀ । ਕੁਰਬਾਨੀ ਦਾ ਪੁੰਜ, ਅਮਲ ਦਾ ਧਨੀ, ਬਹਾਦਰੀ ਤੇ ਨਿਡਰਤਾ ਦਾ ਨਮੂਨਾ, ਜ਼ੁਲਮ ਤੇ ਬੇਇਨਸਾਫੀ ਦਾ ਜਾਨੀ ਦੁਸ਼ਮਣ, ਇਕ ਨਵਾਂ, ਲੁਟ-ਪੁਟ-ਤੋਂ-ਰਹਿਤ ਸਮਾਜ ਹੋਂਦ ਵਿਚ ਲਿਔਣ ਦੀ ਅੱਗ—ਇਹ ਹਨ ਇਕ ਕਮਿਊਨਿਸਟ ਦੇ ਵਸਫ ! ਇਹ ਸਭ ਜ਼ੋਇਆ ਵਿਚ ਸਨ ।

ਨਾਜ਼ੀ ਨਵੰਬਰ ਇਨਕਲਾਬ ਦੀਆਂ ਜਿਤਾਂ ਨੂੰ ਬਰਬਾਦ ਕਰਨ ਲਈ ਚੜ੍ਹੇ ਸਨ—ਓਸ ਇਨਕਲਾਬ ਨੂੰ ਬਰਬਾਦ ਕਰਨ ਲਈ, ਜਿਸ ਨੇ ਮਜ਼ੂਰਾਂ ਨੂੰ ਕਾਰਖਾਨੇ ਦਿਵਾਏ ਸਨ, ਅਤ ਕਿਰਸਾਣਾ ਨੂੰ ਜ਼ਮੀਨਾਂ,—ਜਿਸ ਨੇ ਮਜ਼ੂਰਾਂ ਦਾ ਰਾਜ ਕਾਇਮ ਕੀਤਾ ਸੀ । ਨਾਜ਼ੀ ਮੁੜਕੇ ਨਵੇਂ ਸਿਰਿਓਂ ਕਾਰਖਾਨੇਦਾਰਾਂ ਅਤੇ ਜ਼ਿਮੀਂਦਾਰਾਂ ਦਾ ਰਾਜ ਕਾਇਮ ਕਰਨਾ ਚੌਂਹਦੇ ਸਨ । ਨਾਜ਼ੀ ਓਸ ਨਵੇਂ ਸੰਸਾਰ ਨੂੰ ਤਬਾਹ ਕਰਨਾ ਚੌਂਹਦੇ ਸਨ ਜੇਹੜਾ ਰੂਸ ਦੇ ਮਜ਼ੂਰਾਂ ਤੇ ਕਿਰਸਾਣਾਂ ਨੇ ਲਹੂ ਸਿਜ ਸਿੰਜ ਕੇ ਹੋਂਦ ਵਿਚ ਲਿਆਂਦਾ ਅਤੇ ਪਾਲਿਆ ਪੋਸਿਆ ਸੀ । ਏਹੋ ਜੇਹੇ ਲੋਕਾਂ ਦਾ ਪਿਆਰਾ ਸੋਵੀਅਟ ਰੂਸ ਕੋਈ ਆਣ ਕੇ ਗੁਲਾਮ ਬਣਾ ਲਏਗਾ ? ਹੁੰਹ ! ਕੋਈ ਪਾਗਲ ਹੀ ਪਹਾੜ ਨਾਲ ਮੱਥਾ ਮਾਰੇਗਾ । ਪਰ ਹਿਟਲਰ ਪਾਗਲ ਸੀ । ਓਸੇ ਨੇ ਸੋਵੀਅਟ ਰੂਸ

ਦੇ ਪਹਾੜ ਨਾਲ ਮੱਥਾ ਮਾਰਿਆ । ਨਤੀਜਾ,—ਉਸ ਦਾ ਮੱਥਾ ਪਾਟਕੇ, ਖਖੜੀ ਖਖੜੀ ਹੋਕੇ ਲਹੂ ਲੁਹਾਨ ਹੋ ਗਿਆ ਹੈ !

ਨਾਜ਼ੀ ਜਰਮਨੀ ਦਾ ਇਹ ਹਾਲ ਹੋਣਾ ਹੀ ਸੀ । ਜਿਥੇ ਜ਼ੋਇਆ ਵਰਗੀਆਂ ਬਹਾਦਰ ਕੁੜੀਆਂ ਹੋਣ, ਉਹ ਮੁਲਕ ਕਦੇ ਹਾਰ ਖਾ ਸਕਦਾ ਹੈ? ਕਦਾਚਿਤ ਨਹੀਂ । ਰੂਸ ਅਜ ਜ਼ੋਇਆਵਾਂ ਅਤੇ ਜ਼ੋਇਆ ਦੇ ਭਰਾਵਾਂ ਨਾਲ ਭਰਿਆ ਪਿਆ ਹੈ । ਹਰ ਇਕ ਰੂਸੀ ਮਾਂ ਅੱਜ ਆਪਣੀ ਬੱਚੀ ਨੂੰ ਆਖਦੀ ਹੈ:—ਬੱਚੀ, ਜ਼ੋਇਆ ਬਣੀਂ ! ਕਿਤੇ ਮੇਰੀ ਕੁਖ ਨੂੰ ਕਲੰਕਿਤ ਨਾ ਕਰੀਂ ! ਰੂਸ ਦੇ ਬੱਚੇ ਬੱਚੀਆਂ ਨੂੰ ਅੱਜ ਗੁੜ੍ਹਤੀ ਹੀ ਜ਼ੋਇਆ ਦੇ ਨਾਮ ਦੀ ਦਿਤੀ ਜਾਂਦੀ ਹੈ।

ਸੋਵੀਅਟ ਰੂਸ ਵਿਚ ਜ਼ੋਇਆ ਦੀ ਬਹਾਦਰੀ ਤੇ ਬੀਰਤਾ ਦੀ ਅਜ ਘਰ ਘਰ ਚਰਚਾ ਹੈ । ਲਾਲ ਫੌਜ ਜ਼ੋਇਆ ਦੇ ਨਾਹਰੇ ਲੈਂਦੀ ਦੁਸ਼ਮਣਾਂ ਦੇ ਗਲ ਜਾ ਪੈਂਦੀ ਹੈ, ਅਤੇ ਨਾਜ਼ੀਆਂ ਦਾ ਸਫਾਇਆ ਕਰਕੇ ਹੀ ਦਮ ਲੈਂਦੀ ਹੈ । ਲਾਲ ਫੌਜ ਦੇ ਸਿਪਾਹੀ ਜ਼ੋਇਆ ਦੀ ਤਸਵੀਰ ਆਪਣੇ ਪਾਸ ਰਖਣਾ ਫਖਰ ਸਮਝਦੇ ਹਨ । ਜ਼ੋਇਆ ਦੀ ਬੀਰਤਾ ਦੀਆਂ ਅੱਜ ਰੂਸ ਵਿਚ ਵਾਰਾਂ ਚਲ ਪਈਆਂ ਹਨ । ਜ਼ੋਇਆ ਦਾ ਬੁਤ ਖੜਾ ਕਰ ਦਿਤਾ ਗਿਆ ਹੈ।

ਸਿਰਫ ਰੂਸ ਵਿਚ ਹੀ ਨਹੀਂ । ਜ਼ੋਇਆ ਦੀ ਬੀਰਤਾ ਅੱਜ ਦੇਸ਼ਾਂ ਭੇਸਾਂ ਤੇ ਬੋਲੀਆਂ ਹੱਦਾਂ ਪਾਰ ਕਰ ਗਈ ਹੈ ! ਹਰ ਮੁਲਕ ਵਿਚ ਮਜ਼ੂਰ ਤੇ ਕਿਰਸਾਣ ਆਪਣੀ ਇਸ ਆਪਾ-ਵਾਰੂ ਭੈਣ ਨੂੰ ਫਖਰ ਨਾਲ ਯਾਦ ਕਰਦੇ ਹਨ ! ਬੰਬਈ ਵਿਚ ਪਹਿਲੀ ਕਮਿਊਨਿਸਟ ਕਾਂਗਰਸ ਦੇ ਸਮੇਂ ਸਾਥੀ ਡਾਂਗੇ ਦੀ ਚੌਦਾ-ਸਾਲਾ ਲੜਕੀ ਰੋਜ਼ਾ ਨੇ ਆਖਿਆ ਸੀ:—ਅਸੀਂ ਹਿੰਦੁਸਤਾਨ ਦੇ ਮਜ਼ੂਰਾਂ ਕਿਰਸਾਣਾਂ ਦੀਆਂ ਬੱਚੀਆਂ ਆਪਣੇ ਦੇਸ਼ ਦੀ ਆਜ਼ਾਦੀ ਲਈ ਹਰ ਇਕ ਕੁਰਬਾਨੀ ਕਰਾਂਗੀਆਂ । ਅਤੇ ਆਪਣੀ ਭੈਣ ਜ਼ੋਇਆ ਨਾਲੋਂ ਪਿੱਛੇ ਨਹੀਂ ਰਹਾਂਗੀਆਂ ! ਪੰਜਾਬ ਵਿਚ ਲੜਕੀਆਂ ਇਸਤਰੀ ਆਪਾ-ਰੱਖਿਆ ਲੀਗ ਵਿਚ ਸ਼ਾਮਲ ਹੋ ਰਹੀਆਂ ਹਨ, ਅਤੇ ਜ਼ੋਇਆ ਬਣਨ ਦਾ ਪਰਣ ਕਰ ਰਹੀਆਂ ਹਨ ।

ਕਿੰਨੀ ਅਡੋਲਤਾ ਸੀ ਇਸ ਬਹਾਦਰ ਕੁੜੀ ਵਿਚ ! ਅਫਸਰਾਂ ਪੁੱਛਿਆ :

"ਤੂੰ ਕੌਣ ਏਂ ?"

"ਮੈਂ ਨਹੀਂ ਦਸਾਂਗੀ ।"

"ਕੀ ਤੂੰ ਹੀ ਕੱਲ ਤਬੇਲੇ ਨੂੰ ਅੱਗ ਲਾਈ ਸੀ ?"

"ਹਾਂ, ਮੈਂ ਹੀ ਲਾਈ ਸੀ।"
"ਤੂੰ ਇਹ ਕੰਮ ਕਿਉਂ ਕੀਤਾ ?"
"ਤੁਹਾਨੂੰ ਮਾਰ ਮੁਕਾਣ ਲਈ !"

ਉਫ ! ਕਿਨੇ ਤੱਸੀਹੇ ਦਿਤੇ ਗਏ ਜ਼ੋਇਆ ਨੂੰ ! ਪੇਟੀਆਂ ਮਾਰ ਮਾਰ ਕੇ ਹੱਤਿਆਰੇ ਨਾਜ਼ੀਆਂ ਨੇ ਉਸ ਦੀ ਚਮੜੀ ਉਧੇੜ ਦਿਤੀ। ਉਸ ਨੂੰ ਏਸੇ ਹਾਲਾਤ ਵਿਚ ਨੰਗੇ ਪੈਰੀਂ ਬਰਫ਼ ਵਿਚ ਫਿਰਾਇਆ ਗਿਆ। ਪਰ ਬਹਾਦਰ ਜ਼ੋਇਆ ਨੇ ਆਪਣੇ ਮੂੰਹ ਵਿਚੋਂ ਸੀ ਤਕ ਨਹੀਂ ਕਢੀ।

ਅਤ ਉਸਨੂੰ ਫਾਹੇ ਲਾ ਦਿਤਾ ਗਿਆ। ਫਾਹ ਲਗਣ ਤੋਂ ਪਹਿਲਾਂ ਇਕ ਅਫ਼ਸਰ ਉ ਦੀ ਫੋਟੋ ਲੈ ਰਿਹਾ ਸੀ। ਜ਼ੋਇਆ ਨੂੰ ਮੌਕਿਆ ਮਿਲ ਗਿਆ। ਆਖਣ ਲਗੀ:-ਤੁਸੀ ਅੱਜ ਮੈਨੂੰ ਫਾਹੇ ਲਾ ਰਹੇ ਹੋ,ਪਰ ਮੈਂ ਇਕਲੀ ਨਹੀਂ ਹਾਂ। ਅਸੀਂ ੨੦ ਕਰੋੜ ਹਾਂ। ਤੁਸੀਂ ਸਾਨੂੰ ਸਭ ਨੂੰ ਫਾਹੇ ਨਹੀਂ ਲਾ ਸਕਦੇ। ਮੇਰਾ ਬਦਲਾ ਤੁਹਾਥੋਂ ਲਿਆ ਜਾਵੇਗਾ.....ਹਰ ਹਾਲਤ ਵਿਚ ਜਿਤ ਸਾਡੀ ਹੀ ਹੋਵੇਗੀ।"

ਅੱਜ ਲਾਲ ਫ਼ੌਜ ਉਸਦਾ ਬਦਲਾ ਚੁਕਾ ਰਹੀ ਹੈ। ਅੱਜ ਨਾਂ-ਮੰਨੂੰ ਵੀ ਮੰਨ ਗਏ ਹਨ, ਕਿ ਲਾਲ ਫ਼ੌਜ ਜਿਤ ਰਹੀ ਹੈ। ਸੋਵੀਅਟ ਰੂਸ ਨਾਲ ਮੱਥਾ ਲਾਕੇ ਹਿਟਲਰ ਨੇ ਆਪਣੀ ਮੌਤ ਸਹੇੜ ਲਈ ਹੈ। ਅੱਜ ਹਿਟਲਰ ਦੀ ਨਾਜ਼ੀ ਫ਼ੌਜ ਅਜਿੱਤ ਨਹੀਂ ਸਾਬਿਤ ਹੋਈ। ਸਟਾਲਿਨ ਦੀ ਲਾਲ ਫ਼ੌਜ ਅਜਿਤ ਸਾਬਤ ਹੋਈ ਹੈ।

ਜ਼ੋਇਆ ਦਾ ਜੀਵਨ ਕਈਆਂ ਪੰਜਾਬੀਆਂ ਨੂੰ ਕਮਿਊਨਿਸਟ ਬਣਾਏਗਾ। ਕੌਣ ਹੈ, ਜੇਹੜਾ ਜ਼ੋਇਆ ਦੀ ਅਡੋਲ ਕੁਰਬਾਨੀ ਦੀ ਇਹ ਪੁਸਤਕ ਪੜ੍ਹੇ ਅਤੇ ਉਹਦੇ ਤੇ ਅਸਰ ਨਾ ਹੋਵੇ ? ਇਹ ਪੁਸਤਕ ਉਲਥਾ ਕਰਕੇ ਸਾਥੀ ਪਿਆਰਾ ਸਿੰਘ 'ਸਹਿਰਾਈ' ਨੇ ਪੰਜਾਬੀ ਦੀ ਚੰਗੀ ਨਿੱਗਰ ਸੇਵਾ ਕੀਤੀ ਹੈ। ਮੇਰਾ ਖ਼ਿਆਲ ਹੈ ਕਿ ਜ਼ੋਇਆ ਬਹੁਤ ਅਪਣਾਈ ਜਾਵੇਗੀ।

ਜੰਗਿ ਆਜ਼ਾਦੀ, ਲਾਹੌਰ
੨੮ ਸਤੰਬਰ, ੧੯੪੩ } ——ਸੋਹਨ ਸਿੰਘ

ਤਾਨੀਆ

ਫੈਰੇਆ ਸ਼ਹਿਰ ਦੇ ਲਾਗੇ ਪੀਟਰਸ਼ਚੇਵੋ ਵਿਚ ਦਸੰਬਰ ੧੯੪੧ ਦੇ ਸ਼ੁਰੂ ਵਿਚ ਜਰਮਨਾਂ ਨੇ ਅਠਾਰਾਂ ਸਾਲ ਦੀ ਇਕ ਛਾਪਾਮਾਰ ਕੁੜੀ ਨੂੰ ਬੜੀ ਬੇਰਹਿਮੀ ਨਾਲ ਕਤਲ ਕੀਤਾ।

ਇਹ ਕੌਣ ਸੀ ਤੇ ਕਿਥੋਂ ਆਈ ਸੀ ? ਪੀਟਰਸ਼ਚੇਵੋ ਵਿਚ ਵਾਪਰੀ ਇਸ ਖ਼ੂਨੀ ਘਟਨਾ ਤੋਂ ਥੋੜਾ ਚਿਰ ਪਹਿਲਾਂ ਫੈਰੇਆ ਦੀ ਇਕ ਛਾਪਾਮਾਰ ਇਸ ਕੁੜੀ ਨੂੰ ਜੰਗਲਾਂ ਵਿਚ ਮਿਲੀ ਸੀ ਤੇ ਇਹਨੇ ਆਪਣਾ ਨਾਂ ਤਾਨੀਆ ਦਸਿਆ ਸੀ। ਏਥੇ ਦੁਹਾਂ ਨੇ ਇਕੋ ਖੰਦਕ ਵਿਚ ਪਨਾਹ ਲਈ ਸੀ। ਇਸ ਪਿਛੋਂ ਉਸ ਇਲਾਕੇ ਦੇ ਕਿਸੇ ਵੀ ਛਾਪਾਮਾਰ ਨੇ ਤਾਨੀਆ ਨੂੰ ਨਹੀਂ ਵੇਖਿਆ ਪਰ ਇਸ ਗਲ਼ ਦਾ ਸਭ ਨੂੰ ਪਤਾ ਸੀ ਕਿ ਇਹ ਨਿਡਰ ਤੇ ਮਾਹਰ ਛਾਪਾਮਾਰ ਕੁੜੀ ਆਪਣੇ ਸਾਥੀ ਗੁਰੀਲਿਆਂ ਨਾਲ ਮਿਲਕੇ ਕਿਤੇ ਨੇੜੇ ਹੀ ਆਪਣੇ ਕੰਮ ਵਿਚ ਰੁਝੀ ਹੋਈ ਹੈ।

ਇਹ ਉਦੋਂ ਦੀ ਗਲ ਹੈ, ਜਦੋਂ ਮਾਸਕੋ ਭਾਰੀ ਖ਼ਤਰੇ ਵਿਚ ਸੀ।

ਜਰਮਨਾਂ ਨੇ ਮਾਸਕੋ ਤੇ ਜਿਹੜਾ ਵਡਾ ਹਮਲਾ ੧੬ ਨਵੰਬਰ ਨੂੰ ਸ਼ੁਰੂ ਕੀਤਾ ਸੀ, ਉਹ ਆਪਣੇ ਪੂਰੇ ਜ਼ੋਰਾਂ ਤੇ ਸੀ। ਦੁਸ਼ਮਣ ਦੇ ਮੂਹਰਲੇ ਦਸਤੇ ਰੂਸੀ ਮੋਰਚਿਆਂ ਨੂੰ ਚੀਰ ਕੇ ਮਾਸਕੋ-ਵਾਲਗਾ ਨਹਿਰ ਦੇ ਕੰਢਿਆਂ ਤੇ ਪੁਜ ਚੁਕੇ ਸਨ, ਯਖਰੋਮਾ ਤੇ ਕਬਜ਼ਾ ਕਰਕੇ ਸਰਪੂਖੋਵ ਤੇ ਬੰਬਾਰੀ ਕਰ ਰਹੇ ਸਨ, ਅਤੇ ਕਸ਼ੀਰਾ ਤੇ ਜ਼ਰੈਸਕ ਦੇ ਲਾਗੇ ਪਹੁੰਚ ਗਏ ਸਨ।

ਗੋਲਿਟਸੀਨੋ ਤੇ ਸਖਦਨੀਆਂ ਦੇ ਬਾਹਰਲੇ ਹਿਸੇ ਰਣ-ਭੂਮੀ ਬਣੇ ਹੋਏ ਸਨ। ਏਥੋਂ ਤੋਪਾਂ ਦੀ ਆਵਾਜ਼ ਮਾਸਕੋ ਵਿਚ ਸੁਣੀ ਜਾ ਸਕਦੀ ਸੀ।

ਪਰ ਇਹ ਆਰਜ਼ੀ ਕਾਮਯਾਬੀਆਂ ਦੁਸ਼ਮਣ ਨੂੰ ਬਹੁਤ ਮਹਿੰਗੀਆਂ ਪਈਆਂ। ਜਰਨੈਲ ਜ਼ੁਕੋਵ ਦੀਆਂ ਫ਼ੌਜਾਂ ਨੇ ਜਰਮਨਾਂ ਦਾ ਸਖ਼ਤ ਮੁਕਾਬਲਾ ਕੀਤਾ। ਏਸ ਪੇਸ਼ਕਦਮੀ ਵਿਚ ਜਰਮਨਾਂ ਦਾ ਬੇਓੜਕ ਨੁਕਸਾਨ ਹੋਇਆ ਤੇ ਦਸੰਬਰ ਦੇ ਸ਼ੁਰੂ ਵਿਚ ਹੀ ਉਹ ਥਕ ਗਏ ਤੇ ਲਹੂ-ਹੀਣ ਹੋ ਗਏ। ਦੁਸ਼ਮਣ ਦਾ ਇਹ ਹਮਲਾ ਨਾਕਾਮ ਰਿਹਾ, ਜਦੋਂ ਕਿ ਲਾਲ ਫ਼ੌਜ ਦਾ ਸਰਦਾਰ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.